BRITISH COLUMBIA

# ਪਿੱਠ-ਭੂਮੀ 9

ਤੁਰੰਤ ਜਾਰੀ ਕਰਨ ਹਿਤ ਵਿੱਤ ਮੰਤਰਾਲਾ
2021FIN0023-000744
20 ਅਪ੍ਰੈਲ, 2021

**ਬਾਲ-ਸੰਭਾਲ: ਬੀ ਸੀ ਦੇ ਪਰਿਵਾਰਾਂ ਲਈ ਹੁਣ ਅਤੇ ਆਰਥਕ ਮੁੜ-ਬਹਾਲੀ ਵੱਲ ਜਾਣ ਲਈ ਸਹਾਇਤਾ**

ਗੁਣਵੱਤਾ-ਭਰਪੂਰ, ਖ਼੍ਰੀਦ-ਪਹੁੰਚ ਯੋਗ ਅਤੇ ਸਮਾਵੇਸ਼ੀ ਬਾਲ-ਸੰਭਾਲ ਪਰਿਵਾਰਾਂ, ਭਾਈਚਾਰਿਆਂ ਅਤੇ ਆਰਥਕਤਾ ਲਈ ਬੇਹੱਦ ਜ਼ਰੂਰੀ ਹੈ। ਮਹਾਮਾਰੀ ਨੇ ਆਰਥਕਤਾ ਦੇ ਵਾਹਕ ਦੇ ਰੂਪ ਵਿੱਚ ਬਾਲ-ਸੰਭਾਲ ਦੀ ਮਹੱਤਤਾ ‘ਤੇ ਬਲ ਦਿੱਤਾ ਹੈ। ਬਾਲ-ਸੰਭਾਲ ਤੱਕ ਭਰੋਸੇਮੰਦ ਪਹੁੰਚ ਤੋਂ ਬਿਨਾਂ, ਬਹੁਤ ਸਾਰੇ ਮਾਪਿਆਂ ਨੂੰ ਆਪਣੇ ਰੁਜ਼ਗਾਰ ਨੂੰ ਆਰਜ਼ੀ ਤੌਰ ‘ਤੇ ਛੱਡਣਾ ਪੈਂਦਾ ਹੈ, ਰਹਿਣ ਲਈ ਕਿਸੇ ਹੋਰ ਭਾਈਚਾਰੇ ਵਿੱਚ ਜਾਣਾ ਪੈਂਦਾ ਹੈ ਜਾਂ ਹੋਰ ਬੱਚੇ ਪੈਦਾ ਕਰਨ ਦੇ ਵਿਰੁੱਧ ਫ਼ੈਸਲਾ ਲੈਣਾ ਪੈਂਦਾ ਹੈ। ਇਹੀ ਕਾਰਣ ਹੈ ਕਿ ਸਰਕਾਰ ਨੇ ਪਿਛਲੇ ਤਿੰਨ ਸਾਲਾਂ ਦੌਰਾਨ, ਬੀ ਸੀ ਵਿੱਚ ਇੱਕ ਯੂਨੀਵਰਸਲ ਅਤੇ ਸਮਾਵੇਸ਼ੀ ਬਾਲ-ਸੰਭਾਲ ਸਿਸਟਮ ਵਿੱਚ ਇਤਿਹਾਸਕ ਨਿਵੇਸ਼ ਕੀਤੇ ਹਨ। ਜਦੋਂ ਪਰਿਵਾਰ ਆਰਥਕਤਾ ਵਿੱਚ ਪੂਰੀ ਤਰ੍ਹਾਂ ਹਿੱਸਾ ਪਾ ਸਕਦੇ ਹਨ, ਤਾਂ ਇਸ ਨਾਲ ਕਾਰੋਬਾਰ ਮਜ਼ਬੂਤ ਹੁੰਦੇ ਹਨ, ਪਰਿਵਾਰਾਂ ਨੂੰ ਮਦਦ ਮਿਲਦੀ ਹੈ ਅਤੇ ਬੱਚਿਆਂ ਨੂੰ ਗ਼ਰੀਬੀ ‘ਚੋਂ ਬਾਹਰ ਕੱਢਿਆ ਜਾ ਸਕਦਾ ਹੈ।

2018 ਵਿੱਚ, ਸਰਕਾਰ ਨੇ $1-ਬਿਲੀਅਨ ਦੀ ਇੱਕ ਬਾਲ-ਸੰਭਾਲ ਯੋਜਨਾ ਆਰੰਭ ਕੀਤੀ ਜੋ ਕਿ ਬੀ ਸੀ ਦੇ ਇਤਿਹਾਸ ਵਿੱਚ ਬਾਲ-ਸੰਭਾਲ ਵਿੱਚ ਸਭ ਤੋਂ ਵੱਡਾ ਨਿਵੇਸ਼ ਸੀ। ਹਜ਼ਾਰਾਂ ਹੀ ਬੱਚਿਆਂ ਲਈ ਇਸ ਗੁਣਵੱਤਾ-ਭਰਪੂਰ, ਖ਼੍ਰੀਦ-ਪਹੁੰਚ ਯੋਗ ਅਤੇ ਘਰਾਂ ਦੇ ਨਜ਼ਦੀਕ ਉਪਲਬਧ ਬਾਲ-ਸੰਭਾਲ ਵਿੱਚ ਕੀਤੇ ਨਿਵੇਸ਼ਾਂ ਨਾਲ ਬੀ ਸੀ ਦੇ ਹਰ ਹਿੱਸੇ ਵਿੱਚ ਪਰਿਵਾਰਾਂ ਦੀ ਜ਼ਿੰਦਗੀ ਬਿਹਤਰ ਹੋਈ ਹੈ। ਇਸ ਵਿੱਚ ਸ਼ਾਮਲ ਹੈ:

- ਪੂਰੇ ਬੀ ਸੀ ਵਿੱਚ ਲਗਭਗ 26,000 ਨਵੀਆਂ ਲਾਈਸੈਂਸਸ਼ੁਦਾ ਬਾਲ-ਸੰਭਾਲ ਥਾਂਵਾਂ ਲਈ ਮਾਲੀ ਮਦਦ ਪਹੁੰਚ ਰਹੀ ਹੈ।
- ਚਾਈਲਡ ਕੇਅਰ ਫ਼ੀ ਰਿਡਕਸ਼ਨ ਇਨੀਸ਼ਿਏਟਿਵ ਰਾਹੀਂ 69,000 ਤੋਂ ਵੱਧ ਬੱਚਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਪੇਰੈਂਟ ਫ਼ੀਸ ਵਿੱਚ $350 ਪ੍ਰਤੀ ਮਹੀਨਾ ਤੱਕ ਦੀ ਕਮੀ ਕਰਨਾ।
- ਅਫ਼ੋਰਡੇਬਲ ਚਾਈਲਡ ਕੇਅਰ ਬੈਨੀਫ਼ਿਟ ਰਾਹੀਂ ਫ਼ੀਸ ਵਿੱਚ ਹਰ ਮਹੀਨੇ $1,250 ਪ੍ਰਤੀ ਬੱਚਾ ਤੱਕ ਦੀ ਕਮੀ ਕਰਨਾ, ਜਿਸ ਨਾਲ ਘੱਟ ਅਤੇ ਦਰਮਿਆਨੀ ਆਮਦਨੀ ਵਾਲੇ ਪਰਿਵਾਰਾਂ ਦੇ 63,000 ਬੱਚਿਆਂ ਲਈ ਖ਼ਰਚੇ ਨੂੰ ਬਰਾਬਰ ਕਰਨ ਵਿੱਚ ਮਦਦ ਮਿਲੇਗੀ।
- ਲਾਈਸੈਂਸਸ਼ੁਦਾ ਸਥਾਨਾਂ ਵਿੱਚ ਕੰਮ ਕਰ ਰਹੇ ਅਰਲੀ ਚਾਈਲਡਹੁਡ ਐਜੂਕੇਟਰਾਂ (ਈ ਸੀ ਈ) ਲਈ ਉਜਰਤ ਵਿੱਚ $2 ਪ੍ਰਤੀ ਘੰਟਾ ਦਾ ਵਾਧਾ ਕਰਨਾ।

ਬਜਟ 2021 ਵਿੱਚ ਚਾਈਲਡਕੇਅਰ ਬੀ ਸੀ, ਜੋ ਸੂਬਾ ਸਰਕਾਰ ਦੀ 10-ਸਾਲਾ ਯੋਜਨਾ ਹੈ, ਨੂੰ ਅੱਗੇ ਵਧਾਉਣ ਲਈ ਤਿੰਨ ਸਾਲਾਂ ਦੌਰਾਨ ਬੁਨਿਆਦੀ ਮਾਲੀ ਮਦਦ ਦੇ ਰੂਪ ਵਿੱਚ ਅਧਿਕਤਰ $233 ਮਿਲੀਅਨ ਰਾਹੀਂ ਇਨ੍ਹਾਂ ਨਿਵੇਸ਼ਾਂ ਵਿੱਚ ਵਾਧਾ ਕੀਤਾ ਗਿਆ ਹੈ। ਉਨ੍ਹਾਂ ਹਜ਼ਾਰਾਂ ਹੀ ਨਵੀਆਂ ਥਾਂਵਾਂ ਤੋਂ ਇਲਾਵਾ, ਜਿਨ੍ਹਾਂ ਨੂੰ ਨਿਊ ਸਪੇਸਿਜ਼ ਫ਼ੰਡ ਅਧੀਨ ਹਰ ਸਾਲ ਮਾਲੀ ਮਦਦ ਦਿੱਤੀ ਜਾਏਗੀ, ਇਨ੍ਹਾਂ ਨਿਵੇਸ਼ਾਂ ਨਾਲ ਉਨ੍ਹਾਂ ਪਰਿਵਾਰਾਂ ਦੀ ਗਿਣਤੀ ਵਧੇਗੀ ਜਿਨ੍ਹਾਂ ਨੂੰ $10 ਪ੍ਰਤੀ ਦਿਨ ਜਾਂ ਉਸ ਤੋਂ ਘੱਟ ਕੀਮਤ ‘ਤੇ ਬਾਲ-ਸੰਭਾਲ ਮਿਲ ਰਹੀ ਹੈ, ਮੂਲਵਾਸੀ ਪਰਿਵਾਰਾਂ ਲਈ ਮੁੱਲ-ਰਹਿਤ ਬਾਲ-ਸੰਭਾਲ ਥਾਂਵਾਂ ਦੀ ਗਿਣਤੀ ਵਧੇਗੀ, ਅਤੇ ਘਰਾਂ ਦੇ ਨਜ਼ਦੀਕ ਉੱਚ ਗੁਣਵੱਤਾ-ਭਰਪੂਰ ਥਾਂਵਾਂ ਬਣਾਉਣ ਵਿੱਚ ਸਹਾਇਤਾ ਦੇਣ ਲਈ ਈ ਸੀ ਈ ਉਜਰਤਾਂ ਵਿੱਚ ਹੋਰ ਸੁਧਾਰ ਹੋਵੇਗਾ। ਇਸ ਨਾਲ ਮਾਲੀ ਯੋਜਨਾ ਦੇ ਦੌਰਾਨ ਬਾਲ-ਸੰਭਾਲ ਲਈ ਦਿੱਤੀ ਜਾਣ ਵਾਲੀ ਕੁੱਲ ਮਾਲੀ ਮਦਦ $2.3 ਬਿਲੀਅਨ ਤੱਕ ਪਹੁੰਚ ਗਈ ਹੈ।

**ਬਜਟ 2021 ਰਾਹੀਂ:**

- ਯੂਨੀਵਰਸਲ ਚਾਈਲਡ ਕੇਅਰ ਪ੍ਰੋਟੋਟਾਈਪ ਪ੍ਰੋਗਰਾਮ ਦਾ ਦਾਇਰਾ ਵਧਾਉਣ ਨਾਲ ਉਨ੍ਹਾਂ ਬੱਚਿਆਂ ਦੀ ਗਿਣਤੀ ਦੁੱਗਣੀ ਨਾਲੋਂ ਵੀ ਵੱਧ ਹੋ ਜਾਏਗੀ ਜਿਨ੍ਹਾਂ ਨੂੰ $10 ਪ੍ਰਤੀ ਦਿਨ ਜਾਂ ਉਸ ਤੋਂ ਘੱਟ 'ਤੇ ਦੇਖਭਾਲ ਮਿਲ ਸਕੇਗੀ। ਇਸ ਨਿਵੇਸ਼ ਨਾਲ ਇਸ ਪ੍ਰੋਗਰਾਮ ਵਿੱਚ 75 ਹੋਰ ਬਾਲ-ਸੰਭਾਲ ਕੇਂਦਰਾਂ ਦਾ ਵਾਧਾ ਹੋਵੇਗਾ, ਜਿਸ ਨਾਲ ਥਾਂਵਾਂ ਦੀ ਗਿਣਤੀ ਲਗਭਗ 3,750 ਤੱਕ ਵਧ ਜਾਏਗੀ।
- ਸੀਮਲੈੱਸ ਡੇਅ ਪਾਇਲਟ ਪ੍ਰੋਗਰਾਮ ਦਾ ਦਾਇਰਾ ਚਾਰ ਸਕੂਲ ਡਿਸਟ੍ਰਿਕਟਾਂ ਤੋਂ 24 ਤੱਕ ਵਧਾਉਣ ਨਾਲ ਹੋਰ ਵਧੇਰੇ ਪਰਿਵਾਰਾਂ ਨੂੰ ਸਕੂਲਾਂ ਦੇ ਅਹਾਤਿਆਂ ਦੇ ਅੰਦਰ ਹੀ ਬਾਲ-ਸੰਭਾਲ ਤੱਕ ਪਹੁੰਚ ਕਰਨ ਵਿੱਚ ਮਦਦ ਮਿਲ ਸਕੇਗੀ।
- ਲਾਈਸੈਂਸਸ਼ੁਦਾ ਬਾਲ-ਸੰਭਾਲ ਕੇਂਦਰਾਂ ਵਿੱਚ ਕੰਮ ਕਰ ਰਹੇ ਲਗਭਗ 11,000 ਈ ਸੀ ਈ ਨੂੰ ਸਹਾਇਤਾ ਮਿਲੇਗੀ, ਅਤੇ ਈ ਸੀ ਈ ਦੀ ਉਜਰਤ ਵਿੱਚ ਵਾਧੇ ਨੂੰ ਦੁੱਗਣਾ ਕਰ ਕੇ $4 ਪ੍ਰਤੀ ਘੰਟਾ ਕਰਨ ਨਾਲ ਇਸ ਖੇਤਰ ਵਿੱਚ ਭਰਤੀ ਕਰਨ ਅਤੇ ਕਾਮਿਆਂ ਨੂੰ ਬਰਕਰਾਰ ਰੱਖਣ ਲਈ ਪ੍ਰੋਤਸਾਹਨ ਮਿਲੇਗਾ।
    - ਉਜਰਤ ਵਿੱਚ ਇਨ੍ਹਾਂ ਵਾਧਿਆਂ ਨਾਲ ਈ ਸੀ ਈ ਦੀਆਂ ਔਸਤ ਉਜਰਤਾਂ ਨੂੰ ਤਕਰੀਬਨ $23 ਪ੍ਰਤੀ ਘੰਟਾ ਤੱਕ ਵਧਾਉਣ ਵਿੱਚ ਮਦਦ ਮਿਲੀ ਹੈ, ਜਿਸ ਨਾਲ ਵਧੇਰੇ ਲੋਕ ਇਸ ਕੰਮ ਨੂੰ ਪੇਸ਼ੇ ਵੱਜੋਂ ਅਪਨਾਉਣ ਲਈ ਪ੍ਰੇਰਿਤ ਹੋਏ ਹਨ।
  - ਐਬੋਰਿਜਿਨਲ ਹੈੱਡ ਸਟਾਰਟ ਪ੍ਰੋਗਰਾਮ ਲਈ 400 ਨਵੀਆਂ ਥਾਂਵਾਂ ਬਣਾਉਣ ਵਿੱਚ ਸਹਾਇਤਾ ਮਿਲੇਗੀ, ਜਿਸ ਨਾਲ ਪੂਰੇ ਬੀ ਸੀ ਵਿੱਚ 30 ਤੋਂ ਵੱਧ ਭਾਈਚਾਰਿਆਂ ਵਿੱਚ ਥਾਂਵਾਂ ਦੀ ਗਿਣਤੀ ਕੁੱਲ ਮਿਲਾ ਕੇ 1,000 ਹੋ ਜਾਵੇਗੀ। ਇਸ ਪ੍ਰੋਗਰਾਮ ਦੇ ਤਹਿਤ ਐਬੋਰਿਜਿਨਲ ਹੈੱਡ ਸਟਾਰਟ ਐਸੋਸੀਏਸ਼ਨ ਔਫ਼ ਬੀ ਸੀ ਅਤੇ ਫ਼ਸਟ ਨੇਸ਼ਨਜ਼ ਹੈੱਲਥ ਅਥੌਰਿਟੀ ਨਾਲ ਭਾਈਵਾਲੀਆਂ ਰਾਹੀਂ ਮੂਲਵਾਸੀ ਪਰਿਵਾਰਾਂ ਨੂੰ ਸੱਭਿਆਚਾਰਕ ਲਿਹਾਜ਼ ਨਾਲ ਉਚਿਤ ਬਾਲ-ਸੰਭਾਲ ਅਤੇ ਮੁਢਲੀ ਸਿੱਖਿਆ ਬਿਨਾਂ ਕਿਸੇ ਕੀਮਤ ਦੇ ਪ੍ਰਦਾਨ ਕੀਤੀ ਜਾਂਦੀ ਹੈ।
  - ਚਾਈਲਡਕੇਅਰ ਬੀ ਸੀ ਨਿਊ ਸਪੇਸਿਜ਼ ਫ਼ੰਡ ਰਾਹੀਂ ਹਜ਼ਾਰਾਂ ਹੀ ਨਵੀਆਂ ਬਾਲ-ਸੰਭਾਲ ਥਾਂਵਾਂ ਲਈ ਸਹਾਇਤਾ ਮਿਲੇਗੀ।
  - ਲਗਭਗ 2,000 ਵਧੇਰੇ ਪਰਿਵਾਰਾਂ ਨੂੰ ਸਪੋਰਟਿਡ ਚਾਈਲਡ ਡਿਵੈਲਪਮੈਂਟ ਐਂਡ ਐਬੋਰਿਜਿਨਲ ਸਪੋਰਟਿਡ ਚਾਈਲਡ ਡਿਵੈਲਪਮੈਂਟ ਪ੍ਰੋਗਰਾਮਾਂ ਤੱਕ ਪਹੁੰਚ ਕਰਨ ਵਿੱਚ ਮਦਦ ਮਿਲੇਗੀ ਅਤੇ ਉਨ੍ਹਾਂ ਬੱਚਿਆਂ ਲਈ, ਜੋ ਪਹਿਲਾਂ ਹੀ ਦਾਖ਼ਲਾ ਲੈ ਚੁੱਕੇ ਹਨ, ਸਹਾਇਤਾ ਦਾ ਸਮਾਂ ਵਧੇਗਾ ਤਾਂ ਕਿ ਇਹ ਯਕੀਨੀ ਬਣਾਉਣ ਵਿੱਚ ਮਦਦ ਮਿਲ ਸਕੇ ਕਿ ਮਦਦ ਦੀਆਂ ਜ਼ਰੂਰਤਾਂ ਵਾਲੇ ਬੱਚੇ ਇਨ੍ਹਾਂ ਪ੍ਰੋਗਰਾਮਾਂ ਤੱਕ ਮੁਕੰਮਲ ਪਹੁੰਚ ਹਾਸਲ ਕਰ ਸਕਣ, ਇਨ੍ਹਾਂ ਵਿੱਚ ਸ਼ਾਮਲ ਹੋ ਸਕਣ ਅਤੇ ਲਾਭ ਉਠਾ ਸਕਣ।
  - ਬਾਲ-ਸੰਭਾਲ ਪ੍ਰਦਾਨਕਰਤਾਵਾਂ ਨੂੰ ਇਸ ਮਹਾਮਾਰੀ ਦੇ ਦੌਰਾਨ ਕੇਂਦਰਾਂ ਨੂੰ ਸੁਰੱਖਿਅਤ ਰੱਖਣ 'ਤੇ ਆਉਣ ਵਾਲੇ ਖ਼ਰਚੇ ਵਿੱਚ ਮਦਦ ਦੇਣ ਲਈ ਸਿਹਤ ਅਤੇ ਸੁਰੱਖਿਆ ਗ੍ਰਾਂਟਾਂ ਦੇ ਰੂਪ ਵਿੱਚ ਅਧਿਕਤਰ $20 ਮਿਲੀਅਨ ਦਾ ਨਿਵੇਸ਼ ਕੀਤਾ ਜਾਏਗਾ।

ਜਦੋਂ ਕੋਵਿਡ-19 ਨੇ ਬੀ ਸੀ 'ਤੇ ਹਮਲਾ ਕੀਤਾ, ਸਰਕਾਰ ਇਸ ਗੱਲ ਨੂੰ ਧਿਆਨ ਵਿੱਚ ਰੱਖਦਿਆਂ ਕਿ ਇਹ ਪਰਿਵਾਰਾਂ ਲਈ ਕਿੰਨਾ ਜ਼ਰੂਰੀ ਸੀ, ਪਹਿਲਾਂ ਤੋਂ ਹੀ ਬਾਲ-ਸੰਭਾਲ ਖੇਤਰ ਵਿੱਚ ਨਿਵੇਸ਼ ਕਰਦੀ ਆ ਰਹੀ ਸੀ। ਇਨ੍ਹਾਂ ਨਿਵੇਸ਼ਾਂ ਦੀ ਮਹੱਤਤਾ ਮਹਾਮਾਰੀ ਦੇ ਸ਼ੁਰੂ ਵਿੱਚ ਹੋਰ ਵੀ ਵਧੇਰੇ ਸਪਸ਼ਟ ਹੋ ਗਈ, ਜਦੋਂ ਕੁਝ ਮਾਪਿਆਂ, ਖ਼ਾਸਕਰ ਇਸਤ੍ਰੀਆਂ ਨੂੰ, ਬੱਚਿਆਂ ਅਤੇ ਬਜ਼ੁਰਗ਼ ਮਾਪਿਆਂ ਦੀ ਦੇਖਭਾਲ ਕਰਨ ਲਈ ਤੁਰੰਤ ਕੰਮ ਤੋਂ ਹਟਣਾ ਪਿਆ। ਹੋਰਨਾਂ ਲਈ, ਇਸ ਮਹਾਮਾਰੀ ਦਾ ਅਰਥ ਸੀ ਬੱਚਿਆਂ ਦੀ ਦੇਖਭਾਲ ਕਰਨ ਅਤੇ ਘਰੋਂ ਆਪਣੀ ਪੜ੍ਹਾਈ ਜਾਰੀ ਰੱਖਣ ਦੇ ਨਾਲ ਨਾਲ ਕੰਮ ਕਰਦੇ ਰਹਿਣ ਦੀ ਕੋਸ਼ਿਸ਼ ਕਰਨ ਦੇ ਦਰਮਿਆਨ ਨੱਠ-ਭੱਜ ਕਰਨਾ। ਬੀ ਸੀ ਦੇ ਪਰਿਵਾਰਾਂ ਲਈ ਇੱਕ ਯੂਨੀਵਰਸਲ ਅਤੇ ਸਮਾਵੇਸ਼ੀ ਬਾਲ-ਸੰਭਾਲ ਸਿਸਟਮ ਦਾ ਨਿਰਮਾਣ ਕਰਨ ਨਾਲ ਇਹ ਯਕੀਨੀ ਬਣਾਉਣ ਵਿੱਚ ਮਦਦ ਮਿਲੇਗੀ ਕਿ ਉਹ ਮਾਪੇ ਜਿਨ੍ਹਾਂ ਨੂੰ ਦੇਖਭਾਲ ਦਾ ਬੇਹੱਦ ਜ਼ਰੂਰੀ ਕਾਰਜ ਕਰਨ ਲਈ ਆਪਣੇ ਰੁਜ਼ਗਾਰ ਜਾਂ ਸਿੱਖਿਆ ਦੇ ਉਦੇਸ਼ਾਂ ਤੋਂ ਪਿਛਾਂਹ ਹਟਣਾ ਪਿਆ ਹੈ, ਉਹ ਆਪਣੇ ਪੇਸ਼ੇ ਜਾਂ ਸਿਖਲਾਈ ਵੱਲ ਪਰਤ ਸਕਣ।

ਬਾਲ-ਸੰਭਾਲ ਪ੍ਰਦਾਨਕਰਤਾਵਾਂ ਦੀ ਮਦਦ ਕਰਨ ਲਈ ਅਤੇ ਸਥਾਨਾਂ ਨੂੰ ਬੰਦ ਹੋਣ ਤੋਂ ਬਚਾਉਣ ਲਈ, ਸਰਕਾਰ ਨੇ 1 ਅਪ੍ਰੈਲ ਅਤੇ 31 ਅਗਸਤ, 2020 ਦੇ ਦਰਮਿਆਨ, ਬਾਲ-ਸੰਭਾਲ ਸੰਚਾਲਕਾਂ ਨੂੰ ਆਪਾਤ ਮਾਲੀ ਮਦਦ ਦੇ ਰੂਪ ਵਿੱਚ ਤਕਰੀਬਨ $320 ਮਿਲੀਅਨ ਮੁਹੱਈਆ ਕਰਾਏ ਗਏ। ਇਸ ਗੱਲ ਦੀ ਪਰਵਾਹ ਕੀਤੇ ਬਿਨਾਂ ਕਿ ਪਰਿਵਾਰਾਂ ਨੇ ਬੱਚਿਆਂ ਨੂੰ ਆਰਜ਼ੀ ਤੌਰ 'ਤੇ ਹਟਾਉਣ ਦਾ ਵਿਕਲਪ ਚੁਣਿਆ ਜਾਂ ਸੰਚਾਲਕਾਂ ਨੇ ਆਰਜ਼ੀ ਤੌਰ 'ਤੇ ਬੰਦ ਕਰਨ ਦਾ ਫ਼ੈਸਲਾ ਲਿਆ, ਕੈਨੇਡਾ ਵਿੱਚ ਇਸ ਖੇਤਰ ਲਈ ਇਸ ਪੱਧਰ ਦੀ ਸਹਾਇਤਾ ਪ੍ਰਦਾਨ ਕਰਨ ਵਾਲਾ ਬੀ ਸੀ ਇੱਕੋ ਇੱਕ ਸੂਬਾ ਸੀ।

ਸਟਰੌਂਗਰ ਬੀ ਸੀ ਆਰਥਕ ਮੁੜ-ਬਹਾਲੀ ਯੋਜਨਾ ਦੇ ਹਿੱਸੇ ਵੱਜੋਂ 2020-21 ਵਿੱਚ ਅਧਿਕਤਰ $99 ਮਿਲੀਅਨ ਨਾਲ ਸਿਹਤ ਅਤੇ ਸੁਰੱਖਿਆ ਗ੍ਰਾਂਟਾਂ ਰਾਹੀਂ ਪਰਿਵਾਰਾਂ ਅਤੇ ਬਾਲ-ਸੰਭਾਲ ਪ੍ਰਦਾਨਕਰਤਾਵਾਂ ਨੂੰ ਮਦਦ ਮਿਲੀ ਹੈ, ਜੋ ਇੱਕ ਚਾਈਲਡ ਕੇਅਰ ਰੈਪਿਡ ਰੈਨੋਵੇਸ਼ਨ ਫ਼ੰਡ ਅਤੇ ਐਬੋਰਿਜਿਨਲ ਹੈੱਡ ਸਟਾਰਟ ਲੈਂਡ-ਅਧਾਰਤ ਪ੍ਰੋਜੈਕਟ ਹੈ, ਅਤੇ ਇਸ ਨਾਲ ਨਿਊ ਸਪੇਸਿਜ਼ ਫ਼ੰਡ ਰਾਹੀਂ 3,200 ਤੋਂ ਵੱਧ ਬਾਲ-ਸੰਭਾਲ ਥਾਂਵਾਂ ਬਣਾਉਣ ਵਿੱਚ ਤੇਜ਼ੀ ਆਈ।

ਜਿਵੇਂ ਜਿਵੇਂ ਬੀ ਸੀ ਆਰਥਕ ਮੁੜ-ਬਹਾਲੀ ਵੱਲ ਕਦਮ ਵਧਾ ਰਿਹਾ ਹੈ, ਬਾਲ-ਸੰਭਾਲ ਇੱਕ ਮੁੱਖ ਭੂਮਿਕਾ ਨਿਭਾਉਂਦੀ ਰਹੇਗੀ। ਪਿਛਲੇ ਸਾਲ ਦੀਆਂ ਘਟਨਾਵਾਂ ਨੇ ਇਸ ਗੱਲ ‘ਤੇ ਰੋਸ਼ਨੀ ਪਾਈ ਹੈ ਕਿ ਕਿਵੇਂ ਬਾਲ-ਸੰਭਾਲ ਨਾਲ ਪਰਿਵਾਰਾਂ ਨੂੰ ਸਹਾਇਤਾ ਮਿਲਦੀ ਹੈ, ਜਿਸ ਨਾਲ ਮਾਪੇ-ਖ਼ਾਸਕਰ ਇਸਤ੍ਰੀਆਂ-ਕੰਮ ‘ਤੇ ਵਾਪਸ ਜਾ ਸਕਦੀਆਂ ਹਨ। ਇਹ ਕਾਰੋਬਾਰ ਮਾਲਕਾਂ ਨੂੰ ਵੀ ਸਹਾਰਾ ਦਿੰਦੀ ਹੈ ਜੋ ਮਾਪਿਆਂ ਨੂੰ ਭਰਤੀ ਕਰ ਸਕਦੇ ਹਨ ਜਦੋਂ ਉਹ ਦੁਬਾਰਾ ਕਿਰਤੀਬਲ ਵਿੱਚ ਸ਼ਾਮਲ ਹੁੰਦੇ ਹਨ, ਅਤੇ ਇਸ ਨਾਲ ਮਜ਼ਬੂਤ ਸਥਾਨਕ ਅਰਥਚਾਰਿਆਂ ਦਾ ਨਿਰਮਾਣ ਕਰਨ ਵਿੱਚ ਮਦਦ ਮਿਲਦੀ ਹੈ, ਜੋ ਭਾਈਚਾਰੇ ਵਿੱਚ ਸਭ ਨੂੰ ਲਾਭ ਪੁਚਾਉਂਦੇ ਹਨ। ਕੁੱਲ ਮਿਲਾ ਕੇ, ਇਨ੍ਹਾਂ ਨਿਵੇਸ਼ਾਂ ਨਾਲ ਬਾਲ-ਸੰਭਾਲ ਇਸ ਸਥਿਤੀ ਵਿੱਚ ਆ ਗਈ ਹੈ ਕਿ ਇਹ ਪਰਿਵਾਰਾਂ ਅਤੇ ਬੀ ਸੀ ਦੀ ਆਰਥਕ ਮੁੜ-ਬਹਾਲੀ ਵਿੱਚ ਸਹਾਇਤਾ ਕਰ ਸਕੇ।

**ਸੰਪਰਕ:**
ਵਿੱਤ ਮੰਤਰਾਲਾ
ਮੀਡੀਆ ਸੰਪਰਕ
250 387-5710

---